ਅੱਤਵਾਦ ਨਾਲ ਨਜਿੱਠਣ ਅਤੇ ਸਰਹੱਦ-ਪਾਰ ਅਪਰਾਧਾਂ ਬਾਰੇ ਬਿਮਸਟੇਕ ਸਾਂਝੇ ਕਾਰਜਕਾਰੀ ਸਮੂਹ (ਜੇਡਬਲਯੂਜੀ-ਸੀਟੀਟੀਸੀ) ਦੀ 11ਵੀਂ ਮੀਟਿੰਗ

ਭਾਰਤ ਸਰਕਾਰ ਦੀ ਮੇਜ਼ਬਾਨੀ ਹੇਠ ਅੱਤਵਾਦ ਨਾਲ ਨਜਿੱਠਣ ਅਤੇ ਸਰਹੱਦ-ਪਾਰ ਅਪਰਾਧਾਂ ਬਾਰੇ ਬਿਮਸਟੇਕ ਸਾਂਝੇ ਕਾਰਜਕਾਰੀ ਸਮੂਹ (ਜੇਡਬਲਯੂਜੀ-ਸੀਟੀਟੀਸੀ) ਦੀ 11ਵੀਂ ਮੀਟਿੰਗ 28-29 ਸਤੰਬਰ 2026 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਬਿਮਸਟੇਕ ਦੇ ਸਾਰੇ ਮੈਂਬਰ ਦੇਸ਼ਾਂ, ਅਰਥਾਤ ਬੰਗਲਾਦੇਸ਼, ਭੂਟਾਨ, ਭਾਰਤ, ਮਿਆਂਮਾਰ, ਨੇਪਾਲ, ਸ਼੍ਰੀਲੰਕਾ ਅਤੇ ਥਾਈਲੈਂਡ ਦੇ ਪ੍ਰਤੀਨਿਧੀਮੰਡਲਾਂ ਨੇ ਭਾਗ ਲਿਆ।

2. ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ (ਅੱਤਵਾਦ ਨਾਲ ਨਜਿੱਠਣ ਸਬੰਧੀ ਮਾਮਲੇ) ਡਾ. ਸੁਹੇਲ ਅਜਾਜ਼ ਖ਼ਾਨ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ।

3. ਮੀਟਿੰਗ ਦੌਰਾਨ ਬਿਮਸਟੇਕ ਖੇਤਰ ਵਿੱਚ ਰਵਾਇਤੀ ਅਤੇ ਉੱਭਰ ਰਹੇ ਗੈਰ-ਰਵਾਇਤੀ ਸੁਰੱਖਿਆ ਖ਼ਤਰਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਭਾਗੀਦਾਰਾਂ ਨੇ ਖੇਤਰ ਵਿੱਚ ਅੱਤਵਾਦ ਅਤੇ ਸਰਹੱਦ-ਪਾਰ ਅਪਰਾਧਾਂ ਨਾਲ ਨਜਿੱਠਣ ਲਈ ਸਹਿਯੋਗ ਅਤੇ ਤਾਲਮੇਲ ਨੂੰ ਵਧਾਉਣ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਸਿਫ਼ਾਰਸ਼ਾਂ ਪੇਸ਼ ਕੀਤੀਆਂ। ਮੀਟਿੰਗ ਦੌਰਾਨ ਬਿਮਸਟੇਕ ਜੇਡਬਲਯੂਜੀ-ਸੀਟੀਟੀਸੀ ਅਧੀਨ ਵੱਖ-ਵੱਖ ਉਪ-ਸਮੂਹਾਂ ਦੀਆਂ ਮੀਟਿੰਗਾਂ ਦੀਆਂ ਰਿਪੋਰਟਾਂ 'ਤੇ ਵੀ ਵਿਚਾਰ ਕੀਤਾ ਗਿਆ, ਜਿਨ੍ਹਾਂ ਵਿੱਚ ਸ਼ਾਮਲ ਹਨ: i) ਮਨੁੱਖੀ ਤਸਕਰੀ ਬਾਰੇ ਉਪ-ਸਮੂਹ; ii) ਨਸ਼ੀਲੇ ਪਦਾਰਥਾਂ, ਮਨੋ-ਪ੍ਰਭਾਵੀ ਪਦਾਰਥਾਂ ਅਤੇ ਪੂਰਵਗਾਮੀ ਰਸਾਇਣਾਂ ਦੀ ਗੈਰ-ਕਾਨੂੰਨੀ ਤਸਕਰੀ ਦੀ ਰੋਕਥਾਮ ਬਾਰੇ ਉਪ-ਸਮੂਹ; iii) ਮਨੀ ਲਾਂਡਰਿੰਗ ਦੀ ਰੋਕਥਾਮ ਅਤੇ ਅੱਤਵਾਦ ਲਈ ਵਿੱਤੀ ਸਹਾਇਤਾ ਦਾ ਮੁਕਾਬਲਾ ਕਰਨ ਬਾਰੇ ਉਪ-ਸਮੂਹ; iv) ਕਾਨੂੰਨੀ ਅਤੇ ਕਾਨੂੰਨ ਲਾਗੂ ਕਰਨ ਨਾਲ ਸਬੰਧਤ ਮਾਮਲਿਆਂ ਬਾਰੇ ਉਪ-ਸਮੂਹ; ਅਤੇ v) ਕੱਟੜਪੰਥੀਕਰਨ ਅਤੇ ਅੱਤਵਾਦ ਨਾਲ ਨਜਿੱਠਣ ਲਈ ਸਹਿਯੋਗ ਬਾਰੇ ਉਪ-ਸਮੂਹ।

ਨਵੀਂ ਦਿੱਲੀ

29 ਸਤੰਬਰ 2026